ਗੁਰੂ ਨਾਨਕ - ਸਬਦ ੬

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

ਸਾਰ: ਜੇਕਰ ਕੋਈ ਕਿਸੇ ਪ੍ਰਾਪਤੀ ਦੀ ਭਾਲ ਵਿੱਚ ਯਤਨ ਨਿਰੰਤਰ ਕਰਦਾ ਰਹਿੰਦਾ ਹੈ, ਤਾਂ ਜੋ ਭਾਲਿਆ ਜਾਂਦਾ ਹੈ ਉਹ ਕਈ ਗੁਣਾ ਅੱਗੇ ਆਉਂਦਾ ਹੈ। ਸਵੈ-ਯਤਨ ਦਾ ਇਹ ਉਪਰਾਲਾ ਮਨੁੱਖੀ ਗੁਣਾਂ ਨੂੰ ਵਧਾਉਂਦਾ ਹੈ, ਜਿਸ ਰਾਹੀਂ ਚਰਿੱਤਰ ਦਾ ਵਿਕਾਸ ਹੁੰਦਾ ਹੈ।

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਸੱਚ ਹੀ ਸਾਹਿਬ ਹੈ ਜੋ ਸਰਬ-ਵਿਆਪਕ ਚੇਤਨਾ ਹੈ; ਇਸਦੀ ਹੋਂਦ ਸਦੀਵੀ ਹੈ। ਇਸਦੀ ਭਾਸ਼ਾ ਅਬੱਝਵੀਂ ਅਤੇ ਅਨੰਤ ਪਿਆਰ ਵਾਲੀ ਹੈ।

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਜਿਹੜੇ ਨਿਡਰ ਹੋ ਕੇ ਵਾਰ-ਵਾਰ ਪਿਆਰ ਦੀ ਭਾਲ ਕਰਦੇ ਹਨ, ਉਹਨਾਂ ਨੂੰ ਸਰਬ-ਵਿਆਪਕ ਚੇਤਨਾ ਦੁਆਰਾ ਇਹ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਅਜਿਹੇ ਸਾਧਕਾਂ ਦੀ ਸੰਗਤ ਦੀ ਇਕ ਝਲਕ ਪ੍ਰਾਪਤ ਕਰਨ ਲਈ ਕੋਈ ਕੀ ਭੇਟ ਕਰ ਸਕਦਾ ਹੈ?

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਕੋਈ ਕਿਹੜੇ ਸ਼ਬਦ ਬੋਲੇ ਜੋ ਪਿਆਰ ਨੂੰ ਪ੍ਰਚੰਡ ਕਰਨ?

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਉਹ ਪਲ ਸਰਵ ਉਤਮ ਹੁੰਦਾ ਹੈ ਜਦੋਂ ਕੋਈ ਸੱਚਾਈ, ਸਵੈ-ਚਿੰਤਨ, ਸ਼ੁਕਰਗੁਜ਼ਾਰੀ ਅਤੇ ਵਿਚਾਰ ਦੀ ਸਦੀਵੀ ਅੰਮ੍ਰਿਤ ਅਵਸਥਾ ਵਿੱਚ ਹੁੰਦਾ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਅਜਿਹੇ ਕਰਮਾਂ ਨਾਲ ਇੱਕ ਐਸੇ ਕਿਰਦਾਰ ਦਾ ਨਿਰਮਾਣ ਹੁੰਦਾ ਹੈ ਜੋ ਬਿਬੇਕ ਦੇ ਦਰਵਾਜ਼ੇ ਖੋਲ੍ਹ ਸਕਦਾ ਹੈ।

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

ਨਾਨਕ ਆਖਦੇ ਹਨ ਕਿ ਅਜਿਹੇ ਗੁਣਾਂ ਅਤੇ ਸਵੈ-ਯਤਨਾਂ ਰਾਹੀਂ ਹੀ ਕੋਈ ਆਪਣੇ ਅਸਲੀ ਆਪੇ ਨੂੰ ਸਮਝ ਸਕਦਾ ਹੈ। (੪)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਸੱਚ ਅਤੇ ਪਿਆਰ ਹੋਂਦ ਦੀ ਨੀਂਹ ਹਨ। ਜਿਹੜੇ ਆਪਣੇ ਅਸਲ ਨੂੰ ਜਾਣਨ ਲਈ ਬਿਬੇਕ ਦਾ ਪੱਲਾ ਫੜਦੇ ਹਨ ਉਹ ਚਿੰਤਨ ਕੇਂਦ੍ਰਿਤ ਹੋ ਸੱਚੇ ਅਤੇ ਪਿਆਰ ਵਾਲੇ ਹੋ ਜਾਂਦੇ ਹਨ। ਸਮੂਹ ਇਕੱਠ ਦੇ ਰੂਪ ਵਿੱਚ, ਇਹ ਜਗਿਆਸੂ ਲਈ ਰੂਹਾਨੀ ਪ੍ਰਕਾਸ਼ ਦਾ ਇੱਕ ਸ਼ਾਨਦਾਰ ਪਲ ਸਿਰਜਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**